CPS

# ਮੁਕੱਦਮੇ

## ਮੁਕੱਦਮਾ ਚਲਾਉਣ ਦਾ ਫ਼ੈਸਲਾ

ਇਹ ਲੀਫ਼ਲੈੱਟ ਵਿਆਖਿਆ ਕਰਦਾ ਹੈ ਕਿ ਮੁਕੱਦਮਾ ਚਲਾਉਣ ਦੇ ਫ਼ੈਸਲਿਆਂ 'ਤੇ ਕਿਵੇਂ ਪਹੁੰਚਿਆ ਜਾਂਦਾ ਹੈ

**Prosecutions - The decision to prosecute**
**Punjabi edition, 2010**

**2010**

# ਮੁਕੱਦਮੇ

## ਮੁਕੱਦਮਾ ਚਲਾਉਣ ਦਾ ਫ਼ੈਸਲਾ

ਇਹ ਲੀਫ਼ਲੈੱਟ ਵਿਆਖਿਆ ਕਰਦਾ ਹੈ ਕਿ ਮੁਕੱਦਮਾ ਚਲਾਉਣ ਦੇ ਫ਼ੈਸਲਿਆਂ 'ਤੇ ਕਿਵੇਂ ਪਹੁੰਚਿਆ ਜਾਂਦਾ ਹੈ

ਇਹ ਲੀਫ਼ਲੈੱਟ ਵਿਆਖਿਆ ਕਰਦਾ ਹੈ ਕਿ ਮੁਕੱਦਮਾ ਚਲਾਉਣ ਦੇ ਫ਼ੈਸਲਿਆਂ 'ਤੇ ਕਿਵੇਂ ਪਹੁੰਚਿਆ ਜਾਂਦਾ ਹੈ

ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ (Crown Prosecution Service) (CPS) ਇੰਗਲੈਂਡ ਅਤੇ ਵੇਲਜ਼ ਲਈ ਪ੍ਰਮੁੱਖ ਜਨਤਕ ਪ੍ਰੌਸੀਕਿਊਸ਼ਨ ਸਰਵਿਸ ਹੈ। ਜਨਵਰੀ 2010 ਵਿੱਚ, ਇਹ ਰੈਵੇਨਿਊ ਐਂਡ ਕਸਟਮਜ਼ ਪ੍ਰੌਸਿਕਿਊਸ਼ਨਸ ਆਫ਼ਿਸ (Revenue and Customs Prosecutions Office) (RCPO) ਨਾਲ ਮਿਲ ਗਈ। ਇਸ ਦੀ ਅਗਵਾਈ ਡਾਇਰੈਕਟਰ ਆਫ਼ ਪਬਲਿਕ ਪ੍ਰੌਸੀਕਿਊਸ਼ਨਸ (Director of Public Prosecutions) (DPP) ਦੁਆਰਾ ਕੀਤੀ ਜਾਂਦੀ ਹੈ ਜੋ ਰੈਵੇਨਿਊ ਐਂਡ ਕਸਟਮਜ਼ ਪ੍ਰੌਸੀਕਿਊਸ਼ਨਸ (Director of Revenue and Customs Prosecutions) ਦਾ ਵੀ ਡਾਇਰੈਕਟਰ ਹੁੰਦਾ ਹੈ। DPP, ਅਟਾਰਨੀ ਜਨਰਲ ਜੋ ਕਿ ਪ੍ਰੌਸੀਕਿਊਸ਼ਨ ਸਰਵਿਸ ਦੇ ਕੰਮ ਲਈ ਪਾਰਲੀਮੈਂਟ ਨੂੰ ਜਵਾਬਦੇਹ ਹੁੰਦਾ ਹੈ, ਦੀ ਨਿਗਰਾਨੀ ਹੇਠ ਸੁਤੰਤਰ ਰੂਪ ਵਿੱਚ ਆਪਣੇ ਕਾਰਜ ਨਿਭਾਉਂਦਾ ਹੈ।

## ਵਿਸ਼ਾ-ਸੂਚੀ


| | |
|---|---|
| ਪਿਛੋਕੜ | 3 |
| ਕ੍ਰਾਊਨ ਪ੍ਰੌਸੀਕਿਊਟਰਾਂ ਲਈ ਨਿਯਮਾਵਲੀ | 4 |
| ਫ਼ੈਸਲਾ ਕਿ ਮੁਕੱਦਮਾ ਚਲਾਇਆ ਜਾਵੇ ਜਾਂ ਨਹੀਂ | 5 |
| ਅਪਰਾਧ ਦੇ ਪੀੜਤ ਵਿਅਕਤੀ | 8 |
| ਦਿ ਥ੍ਰੈਸ਼ੋਲਡ ਟੈਸਟ (ਸ਼ੁਰੂਆਤ ਕਰਨ ਦੀ ਜਾਂਚ) | 8 |
| ਦੋਸ਼ਾਂ ਦੀ ਚੋਣ | 9 |
| ਕੋਰਟ ਤੋਂ ਬਾਹਰ ਨਿਪਟਾਰੇ | 9 |
| ਨੌਜਵਾਨ | 10 |
| ਕਸੂਰਵਾਰ ਹੋਣ ਦੀਆਂ ਦਲੀਲਾਂ ਨੂੰ ਸਵੀਕਾਰ ਕਰਨਾ | 11 |
| ਕੋਈ ਮੁਕੱਦਮਾ ਚਲਾਉਣ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰਨਾ | 11 |
| ਵਿਕਟਿਮ ਸਪੋਰਟਲਾਈਨ | 12 |
| ਸ਼ਿਕਾਇਤਾਂ | 12 |
| ਲਾਹੇਵੰਦ ਸੰਪਰਕ | 13 |

## ਪਿਛੋਕੜ

1986 ਵਿੱਚ CPS ਦਾ ਗਠਨ ਕੀਤੇ ਜਾਣ ਤੋਂ ਪਹਿਲਾਂ, ਪੁਲਿਸ ਇਹ ਫ਼ੈਸਲਾ ਕਰਦੀ ਹੁੰਦੀ ਸੀ ਕਿ ਕੇਸਾਂ ਨੂੰ ਕੋਰਟ ਵਿੱਚ ਲਿਜਾਉਣਾ ਹੈ ਜਾਂ ਨਹੀਂ।

ਅੱਜ, CPS ਇਹ ਫ਼ੈਸਲਾ ਕਰਦੀ ਹੈ ਕਿ ਲੋਕਾਂ 'ਤੇ ਕੋਰਟ ਵਿੱਚ ਮੁਕੱਦਮਾ ਚਲਾਇਆ ਜਾਵੇ ਜਾਂ ਨਹੀਂ। ਹਾਲਾਂਕਿ, ਪੁਲਿਸ ਅਜੇ ਵੀ ਕਥਿਤ ਅਪਰਾਧ ਦੀ ਛਾਣਬੀਣ ਕਰਦੀ ਹੈ।

ਵਧੇਰੇ ਸੰਗੀਨ ਜਾਂ ਜਟਿਲ ਕੇਸਾਂ ਵਿੱਚ, ਪ੍ਰੌਸੀਕਿਊਟਰ ਇਹ ਫ਼ੈਸਲਾ ਕਰਦੇ ਹਨ ਕਿ ਕੀ ਕਿਸੇ ਵਿਅਕਤੀ 'ਤੇ ਫ਼ੌਜਦਾਰੀ ਅਪਰਾਧ ਦਾ ਦੋਸ਼ ਲਾਇਆ ਜਾਣਾ ਚਾਹੀਦਾ ਹੈ, ਅਤੇ, ਜੇ ਅਜਿਹਾ ਹੈ ਤਾਂ, ਉਹ ਅਪਰਾਧ ਕੀ ਹੋਣਾ ਚਾਹੀਦਾ ਹੈ। ਜਿਹਨਾਂ ਕੇਸਾਂ ਵਿੱਚ ਪੁਲਿਸ ਦੋਸ਼ ਨੂੰ ਨਿਰਧਾਰਤ ਕਰਦੀ ਹੈ, ਉਹ ਵੀ ਉਹਨਾਂ ਹੀ ਸਿਧਾਂਤਾਂ ਨੂੰ ਲਾਗੂ ਕਰਦੀ ਹੈ।

ਅਸੀਂ ਇਹ ਫ਼ੈਸਲਾ ਕਰਦੇ ਹਾਂ ਕਿ ਕੀ ਖਾਸ ਕੇਸ ਦੇ ਤੱਥਾਂ 'ਤੇ ਕ੍ਰਾਊਨ ਪ੍ਰੌਸੀਕਿਊਟਰਾਂ ਲਈ ਨਿਯਮਾਵਲੀ (Code for Crown Prosecutors) ਅਤੇ ਕੋਈ ਸਬੰਧਤ ਨੀਤੀਆਂ ਲਾਗੂ ਕਰਕੇ ਮੁਕੱਦਮਾ ਚਲਾਇਆ ਜਾਵੇ ਜਾਂ ਨਹੀਂ।

## ਕ੍ਰਾਊਨ ਪ੍ਰੌਸੀਕਿਊਟਰਾਂ ਲਈ ਨਿਯਮਾਵਲੀ

ਕ੍ਰਾਊਨ ਪ੍ਰੌਸੀਕਿਊਟਰਾਂ ਲਈ ਨਿਯਮਾਵਲੀ (ਕੋਡ) ਇੱਕ ਜਨਤਕ ਦਸਤਾਵੇਜ਼ ਹੈ ਜੋ ਉਹਨਾਂ ਮੁੱਢਲੇ ਸਿਧਾਂਤਾਂ ਦਾ ਬਿਆਨ ਕਰਦਾ ਹੈ ਜਿਹਨਾਂ 'ਤੇ ਪ੍ਰੌਸੀਕਿਊਟਰਾਂ ਨੂੰ ਕੇਸਾਂ 'ਤੇ ਫ਼ੈਸਲੇ ਲੈਂਦੇ ਸਮੇਂ ਚਲਣਾ ਚਾਹੀਦਾ ਹੈ। ਨਿਯਮਾਵਲੀ ਨੂੰ, ਕੋਰ ਕੁਆਲਿਟੀ ਸਟੈਂਡਰਡਜ਼ (Core Quality Standards) ਕਿਤਾਬਚੇ, ਦੇ ਨਾਲ ਰੱਖਿਆ ਜਾਂਦਾ ਹੈ ਅਤੇ ਦੋਵੇਂ ਦਸਤਾਵੇਜ਼ ਇਕੱਠੇ ਜਨਤਾ ਨੂੰ ਇਹ ਜਾਣਕਾਰੀ ਦਿੰਦੇ ਹਨ ਕਿ ਪ੍ਰੌਸੀਕਿਊਟਰ ਕੀ ਕਰਦੇ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹੁੰਦਾ ਹੈ ਕਿ ਉਹ ਆਪਣੇ ਫ਼ੈਸਲੇ ਕਿਵੇਂ ਲੈਂਦੇ ਹਨ ਅਤੇ ਉਸ ਸੇਵਾ ਦਾ ਉਹ ਪੱਧਰ ਕੀ ਹੈ ਜੋ ਪ੍ਰੌਸੀਕਿਊਸ਼ਨ ਸਰਵਿਸ ਆਪਣੇ ਕੰਮ ਦੇ ਹਰ ਅਹਿਮ ਪਹਿਲੂ ਵਿੱਚ ਮੁਹੱਈਆ ਕਰਨ ਲਈ ਵਚਨਬੱਧ ਹੈ। ਤੁਸੀਂ ਆਪਣੇ ਸਥਾਨਕ CPS ਦਫ਼ਤਰ ਤੋਂ ਜਾਂ CPS ਦੀ ਵੈਬਸਾਈਟ www.cps.gov.uk ਤੋਂ ਦੋਵਾਂ ਦਸਤਾਵੇਜ਼ਾਂ ਦੀਆਂ ਕਾਪੀਆਂ ਪ੍ਰਾਪਤ ਕਰ ਸਕਦੇ ਹੋ।

ਹਾਲਾਂਕਿ ਹਰ ਕੇਸ ਵੱਖਰਾ ਹੁੰਦਾ ਹੈ ਅਤੇ ਇਸ 'ਤੇ ਲਾਜ਼ਮੀ ਤੌਰ 'ਤੇ ਇਸਦੇ ਆਪਣੇ ਤੱਥਾਂ ਅਤੇ ਖ਼ੂਬੀਆਂ ਦੇ ਅਧਾਰ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਪਰ ਕੁਝ ਆਮ ਸਿਧਾਂਤ ਹਨ ਜਿਹੜੇ ਉਸ ਢੰਗ 'ਤੇ ਲਾਗੂ ਹੁੰਦੇ ਹਨ ਜਿਸ ਨਾਲ ਪ੍ਰੌਸੀਕਿਊਟਰਾਂ ਨੂੰ ਹਰ ਕੇਸ ਨੂੰ ਲਾਜ਼ਮੀ ਰੂਪ ਵਿੱਚ ਸੁਲਝਾਉਣਾ ਚਾਹੀਦਾ ਹੈ। ਲਾਜ਼ਮੀ ਹੈ ਕਿ ਉਹ ਨਿਆਂਕਾਰੀ, ਸੁਤੰਤਰ ਅਤੇ ਨਿਰਪੱਖ ਹੋਣ। ਲਾਜ਼ਮੀ ਹੈ ਕਿ ਉਹ ਆਪਣੇ ਫ਼ੈਸਲਿਆਂ ਨੂੰ ਸ਼ੱਕੀ ਵਿਅਕਤੀ, ਪੀੜਤ ਵਿਅਕਤੀ ਜਾਂ ਕਿਸੇ ਵੀ ਗਵਾਹ ਦੇ ਨਸਲੀ ਜਾਂ ਕੌਮੀ ਮੂਲ, ਲਿੰਗ, ਅਯੋਗਤਾ, ਉਮਰ, ਧਰਮ ਜਾਂ ਵਿਸ਼ਵਾਸ, ਸਿਆਸੀ ਰਾਏ, ਜਿਣਸੀ ਝੁਕਾਅ ਜਾਂ ਜਿਣਸੀ ਪਛਾਣ ਬਾਰੇ ਕੋਈ ਨਿੱਜੀ ਵਿਚਾਰਾਂ ਤੋਂ ਪ੍ਰਭਾਵਤ ਨਾ ਹੋਣ ਦੇਣ।

ਇਹ ਯਕੀਨੀ ਬਣਾਉਣਾ ਉਹਨਾਂ ਦਾ ਫ਼ਰਜ਼ ਹੈ ਕਿ ਸਹੀ ਅਪਰਾਧ ਲਈ ਸਹੀ ਵਿਅਕਤੀ 'ਤੇ ਮੁਕੱਦਮਾ ਚਲਾਇਆ ਜਾਵੇ। ਅਜਿਹਾ ਕਰਨ ਵਿੱਚ, ਪ੍ਰੌਸੀਕਿਊਟਰਾਂ ਨੂੰ ਹਮੇਸ਼ਾ ਲਾਜ਼ਮੀ ਰੂਪ ਵਿੱਚ, ਨਿਆਂ ਦੇ ਹਿੱਤ ਵਿੱਚ ਹੀ ਕੰਮ ਕਰਨਾ ਚਾਹੀਦਾ ਹੈ ਨਾ ਕਿ ਸਿਰਫ਼ ਕੋਈ ਦੋਸ਼ ਸਿੱਧੀ ਪ੍ਰਾਪਤ ਕਰਨ ਦੇ ਉਦੇਸ਼ ਲਈ।

## ਫ਼ੈਸਲਾ ਕਿ ਮੁਕੱਦਮਾ ਚਲਾਇਆ ਜਾਵੇ ਜਾਂ ਨਹੀਂ

ਪ੍ਰੌਸੀਕਿਊਸ਼ਨ ਸਰਵਿਸ ਨੂੰ ਪੁਲਿਸ ਤੋਂ ਮਿਲਣ ਵਾਲੇ ਹਰ ਕੇਸ ਦੀ ਸਮੀਖਿਆ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੁਕੱਦਮਾ ਚਲਾਉਣ ਲਈ ਅੱਗੇ ਵੱਧਣਾ ਸਹੀ ਹੈ। ਵਧੇਰੇ ਸੰਗੀਨ ਜਾਂ ਜਟਿਲ ਕੇਸਾਂ ਵਿੱਚ, ਪ੍ਰੌਸੀਕਿਊਟਰ ਇਹ ਫ਼ੈਸਲਾ ਕਰਨ ਲਈ ਜ਼ੁੰਮੇਵਾਰ ਹੁੰਦੇ ਹਨ ਕਿ ਕੀ ਕਿਸੇ ਵਿਅਕਤੀ 'ਤੇ ਫ਼ੌਜਦਾਰੀ ਅਪਰਾਧ ਦਾ ਦੋਸ਼ ਲਗਾਇਆ ਜਾਣਾ ਚਾਹੀਦਾ ਹੈ, ਅਤੇ ਜੇ ਅਜਿਹਾ ਹੈ ਤਾਂ, ਉਹ ਅਪਰਾਧ ਕੀ ਹੋਣਾ ਚਾਹੀਦਾ ਹੈ।

ਕਿਸੇ ਕੇਸ 'ਤੇ ਕੋਰਟਾਂ ਵਿੱਚ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ ਜਾਂ ਨਹੀਂ, ਇਸ ਬਾਰੇ ਫ਼ੈਸਲਾ ਕਰਦੇ ਸਮੇਂ ਪ੍ਰੌਸੀਕਿਊਟਰ .ਢੁਕਵੇਂ ਹਾਲਾਤ ਵਿੱਚ ਮੁਕੱਦਮਾ ਚਲਾਉਣ ਦੇ ਦੂਜੇ ਵਿਕਲਪਾਂ 'ਤੇ ਵਿਚਾਰ ਕਰਦੇ ਹਨ। ਇਸ ਵਿੱਚ ਬਾਲਗਾਂ ਲਈ ਇੱਕ ਸਰਲ ਜਾਂ ਸ਼ਰਤਬੰਦ ਚੇਤਾਵਨੀ ਜਾਂ, ਨੌਜਵਾਨਾਂ ਲਈ, ਝਾੜ, ਚੇਤਾਵਨੀ ਜਾਂ ਸ਼ਰਤਬੰਦ ਚੇਤਾਵਨੀ ਸ਼ਾਮਲ ਹੁੰਦੀ ਹੈ।

ਜਦੋਂ ਸਾਨੂੰ ਪੁਲਿਸ ਤੋਂ ਕੋਈ ਫ਼ਾਈਲ ਪ੍ਰਾਪਤ ਹੁੰਦੀ ਹੈ ਤਾਂ ਪ੍ਰੌਸੀਕਿਊਟਰ ਕਾਗਜ਼ਾਤ ਨੂੰ ਪੜ੍ਹੇਗਾ ਅਤੇ ਇਹ ਫ਼ੈਸਲਾ ਕਰੇਗਾ ਕਿ ਕੀ ਡਿਫ਼ੈਂਡੈਂਟ (ਮੁੱਦਾਲਾ) ਦੇ ਖਿਲਾਫ਼ ਲੋੜੀਂਦਾ ਪ੍ਰਮਾਣ ਹੈ ਜਾਂ ਨਹੀਂ ਅਤੇ ਕੀ ਜਨ ਹਿੱਤ ਵਿੱਚ ਮੁਕੱਦਮੇ ਦੀ ਲੋੜ ਹੈ। ਕਿਉਂਕਿ ਹਾਲਾਤ ਬਦਲ ਸਕਦੇ ਹਨ, ਇਸ ਲਈ ਪ੍ਰੌਸੀਕਿਊਟਰ ਕੇਸ ਨੂੰ ਨਿਰੰਤਰ ਸਮੀਖਿਆ ਹੇਠ ਰਖਦਾ ਹੈ। ਜੇ ਪ੍ਰੌਸੀਕਿਊਟਰ ਦੋਸ਼ਾਂ ਨੂੰ ਬਦਲਣ ਜਾਂ ਕੇਸ ਨੂੰ ਬੰਦ ਕਰਨ ਬਾਰੇ ਸੋਚ ਰਿਹਾ ਜਾਂ ਰਹੀ ਹੈ ਤਾਂ ਉਹ ਜਿੱਥੇ ਵੀ ਸੰਭਵ ਹੋਵੇਗਾ, ਪੁਲਿਸ ਨਾਲ ਸੰਪਰਕ ਕਰੇਗਾ ਜਾਂ ਕਰੇਗੀ। ਇਸ ਨਾਲ ਪੁਲਿਸ ਨੂੰ ਵਧੇਰੇ ਜਾਣਕਾਰੀ ਮੁਹੱਈਆ ਕਰਨ ਦਾ ਮੌਕਾ ਮਿਲਦਾ ਹੈ ਜੋ ਫ਼ੈਸਲੇ ਨੂੰ ਪ੍ਰਭਾਵਤ ਕਰ ਸਕਦੀ ਹੈ।

ਭਾਵੇਂ ਪੁਲਿਸ ਅਤੇ ਪ੍ਰੌਸੀਕਿਊਸ਼ਨ ਸਰਵਿਸ ਨੇੜੇ ਹੋ ਕੇ ਕੰਮ ਕਰਦੇ ਹਨ, ਪਰ ਅਸੀਂ ਇੱਕ ਦੂਜੇ ਤੋਂ ਪੂਰੀ ਤਰ੍ਹਾਂ ਨਾਲ ਸੁਤੰਤਰ ਹਾਂ ਅਤੇ ਇਹ ਫ਼ੈਸਲਾ ਲੈਣ ਦੀ ਅੰਤਮ ਜ਼ੁੰਮੇਵਾਰੀ ਪ੍ਰੌਸੀਕਿਊਸ਼ਨ ਸਰਵਿਸ ਦੀ ਬਣਦੀ ਹੈ ਕਿ ਕਿਸੇ ਅਜਿਹੇ ਅਪਰਾਧ ਨਾਲ ਅੱਗੇ ਵਧਿਆ ਜਾਵੇ ਜਾਂ ਨਹੀਂ ਜਿਸ 'ਤੇ ਦੋਸ਼ ਲੱਗ ਚੁਕਾ ਹੈ।

## ਪ੍ਰੌਸੀਕਿਊਟਰਾਂ ਨੂੰ ਆਪਣੇ ਫ਼ੈਸਲੇ ਲੈਂਦੇ ਸਮੇਂ ਆਪਣੇ ਆਪ ਨੂੰ ਇਹ ਦੋ ਸਵਾਲ ਪੁੱਛਣੇ ਪੈਂਦੇ ਹਨ

### *ਕੀ ਡਿਫ਼ੈਂਡੈਂਟ ਦੇ ਖਿਲਾਫ਼ ਲੋੜੀਂਦਾ ਪ੍ਰਮਾਣ ਹੈ?*

ਡਿਫ਼ੈਂਡੈਂਟ ਦੇ ਖਿਲਾਫ਼ 'ਦੋਸ਼ ਸਿੱਧੀ ਦੀ ਯਥਾਰਥਕ ਸੰਭਾਵਨਾ' ਮੁਹੱਈਆ ਕਰਨ ਲਈ ਲੋੜੀਂਦਾ ਪ੍ਰਮਾਣ ਜ਼ਰੂਰ ਹੋਣਾ ਚਾਹੀਦਾ ਹੈ। ਦੋਸ਼ ਸਿੱਧੀ ਦੀ ਯਥਾਰਥਕ ਸੰਭਾਵਨਾ ਇੱਕ ਨਿਰਪੱਖ ਜਾਂਚ ਹੁੰਦੀ ਹੈ। ਇਸਦਾ ਮਤਲਬ ਹੈ ਕਿ ਮੈਜਿਸਟ੍ਰੇਟਾਂ ਦੀ ਕਿਸੇ ਜਿਊਰੀ ਜਾਂ ਬੈਂਚ ਜਾਂ ਉਚਿਤ ਢੰਗ ਨਾਲ ਪ੍ਰਾਪਤ ਸੇਧ ਅਤੇ ਕਨੂੰਨ ਮੁਤਾਬਕ ਕੰਮ ਕਰ ਰਹੇ, ਕੇਸ ਦੀ ਇਕੱਲਿਆਂ ਸੁਣਵਾਈ ਕਰਦੇ ਜੱਜ, ਦੁਆਰਾ ਕਥਿਤ ਦੋਸ਼ ਲਈ ਡਿਫ਼ੈਂਡੈਂਟ ਨੂੰ ਦੋਸ਼ੀ ਸਿੱਧ ਨਾ ਠਹਿਰਾਉਣ ਨਾਲੋਂ ਵਧੇਰੇ ਸੰਭਾਵਨਾ, ਦੋਸ਼ੀ ਠਹਿਰਾਉਣ ਦੀ ਹੈ। ਇਹ ਉਸ ਜਾਂਚ ਤੋਂ ਵੱਖਰੀ ਹੁੰਦੀ ਹੈ ਜਿਸਦੇ ਲਈ ਫ਼ੌਜਦਾਰੀ ਅਦਾਲਤਾਂ ਲਈ ਲਾਗੂ ਕੀਤੀ ਜਾਣੀ ਜ਼ਰੂਰੀ ਹੁੰਦੀ ਹੈ। ਮੈਜਿਸਟ੍ਰੇਟਾਂ ਜਾਂ ਕਿਸੇ ਜਿਊਰੀ ਨੂੰ ਡਿਫ਼ੈਂਡੈਂਟ ਦੀ ਦੋਸ਼-ਸਿੱਧੀ ਸਿਰਫ਼ ਤਾਂ ਹੀ ਕਰਨੀ ਚਾਹੀਦੀ ਹੈ ਜੇ ਉਹਨਾਂ ਨੂੰ ਯਕੀਨ ਹੋਵੇ ਕਿ ਉਹ ਕਸੂਰਵਾਰ ਹੈ।

ਇਹ ਫ਼ੈਸਲਾ ਕਰਦੇ ਸਮੇਂ ਕਿ ਕੀ ਮੁਕੱਦਮਾ ਚਲਾਉਣ ਲਈ ਲੋੜੀਂਦਾ ਪ੍ਰਮਾਣ ਹੈ, ਪ੍ਰੌਸੀਕਿਊਟਰਾਂ ਨੂੰ ਇਸ ਗੱਲ 'ਤੇ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ ਕਿ ਕੀ ਕੋਰਟ ਵਿੱਚ ਪ੍ਰਮਾਣ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਕੀ ਇਹ ਭਰੋਸੇਯੋਗ ਹੈ। ਇਸਦਾ ਮਤਲਬ ਹੈ ਕਿ ਉਹਨਾਂ ਨੂੰ ਕਿਸੇ ਫ਼ੈਸਲੇ ਦੇ ਅਪੜਨ ਤੋਂ ਪਹਿਲਾਂ ਸਾਰੇ ਗਵਾਹਾਂ ਤੋਂ ਪ੍ਰਮਾਣ ਦੀ ਕੁਆਲਟੀ ਦਾ ਮੁਲਾਂਕਣ ਜ਼ਰੂਰ ਕਰਨਾ ਚਾਹੀਦਾ ਹੈ। ਜਿੱਥੇ ਇਹ ਮੰਨਿਆ ਜਾਂਦਾ ਹੈ ਕਿ ਕਿਸੇ ਗਵਾਹ ਦੇ ਪ੍ਰਮਾਣ ਦੀ ਭਰੋਸੇਯੋਗਤਾ ਦਾ ਮੁਲਾਂਕਣ ਕਰਨ ਜਾਂ ਜਟਿਲ ਪ੍ਰਮਾਣ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਇਹ ਸਹਾਇਕ ਹੋਵੇਗਾ, ਉੱਥੇ ਉਚਿਤ ਰੂਪ ਵਿੱਚ ਸਿਖਲਾਈ ਪ੍ਰਾਪਤ ਅਤੇ ਅਧਿਕਾਰ ਪ੍ਰਾਪਤ ਪ੍ਰੌਸੀਕਿਊਟਰ ਨੂੰ ਗਵਾਹ ਦੇ ਨਾਲ ਪ੍ਰੀ-ਟ੍ਰਾਇਲ (ਮੁਕੱਦਮੇ ਤੋਂ ਪਹਿਲਾਂ) ਮੁਲਾਕਾਤ ਕਰਨੀ ਚਾਹੀਦੀ ਹੈ। ਕਿਸੇ ਕੇਸ ਨੂੰ ਖਤਮ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਪ੍ਰੌਸੀਕਿਊਟਰ ਨੇ ਇੱਕ ਗਵਾਹ 'ਤੇ ਵਿਸ਼ਵਾਸ ਕਰਨ ਅਤੇ ਦੂਜੇ 'ਤੇ ਵਿਸ਼ਵਾਸ ਨਾ ਕਰਨ ਦਾ ਫ਼ੈਸਲਾ ਕੀਤਾ ਹੈ।

ਜੇ ਦੋਸ਼ ਸਿੱਧੀ ਦੀ ਕੋਈ ਯਥਾਰਥਕ ਸੰਭਾਵਨਾ ਨਹੀਂ ਹੈ ਤਾਂ ਕੇਸ ਨੂੰ ਬਿਲਕੁਲ ਅੱਗੇ ਨਹੀਂ ਵਧਣਾ ਚਾਹੀਦਾ, ਭਾਵੇਂ ਇਹ ਕਿੰਨਾ ਵੀ ਸੰਗੀਨ ਜਾਂ ਸੰਵੇਦਨਸ਼ੀਲ ਕਿਉਂ ਨਾ ਹੋਵੇ।

ਜੇ ਦੋਸ਼ ਸਿੱਧੀ ਦੀ ਕੋਈ ਯਥਾਰਥਕ ਸੰਭਾਵਨਾ ਹੈ ਤਾਂ ਪ੍ਰੌਸੀਕਿਊਟਰ ਅਗਲਾ ਸਵਾਲ ਪੁੱਛੇਗਾ।

*ਕੀ ਜਨ ਹਿੱਤ ਵਿੱਚ ਮੁਕੱਦਮਾ ਚਲਾਉਣ ਦੀ ਲੋੜ ਹੈ?*

ਇਸ ਦੇਸ਼ ਵਿੱਚ ਅਜਿਹਾ ਨਿਯਮ ਕਦੇ ਵੀ ਨਹੀਂ ਰਿਹਾ ਹੈ ਕਿ ਹਰੇਕ ਫ਼ੌਜਦਾਰੀ ਅਪਰਾਧ ਲਈ ਲਾਜ਼ਮੀ ਤੌਰ 'ਤੇ ਆਪਣੇ ਆਪ ਹੀ ਮੁਕੱਦਮਾ ਚਲਾਇਆ ਜਾਵੇ। ਇਸ ਕਾਰਨ, ਹਰ ਕੇਸ ਵਿੱਚ, ਪ੍ਰੌਸੀਕਿਊਟਰ ਨੂੰ ਇਹ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ ਕਿ ਕੀ ਜਨ ਹਿੱਤ ਵਿੱਚ ਮੁਕੱਦਮੇ ਦੀ ਲੋੜ ਹੈ।

ਕੋਈ ਮੁਕੱਦਮਾ ਆਮ ਤੌਰ 'ਤੇ ਚਲਾਇਆ ਜਾਵੇਗਾ ਜਦ ਤਕ ਕਿ ਪ੍ਰੌਸੀਕਿਊਟਰ ਨੂੰ ਇਹ ਯਕੀਨ ਨਾ ਹੋਵੇ ਕਿ ਮੁਕੱਦਮੇ ਦੇ ਖਿਲਾਫ਼ ਜਨ ਹਿੱਤ ਦੇ ਕਾਰਕਾਂ ਦਾ ਰੁਝਾਨ ਹੈ ਜੋ ਮੁਕੱਦਮੇ ਦੇ ਪੱਖ ਵਿਚਲੇ ਕਾਰਕਾਂ ਤੋਂ ਭਾਰੀ ਹਨ, ਜਾਂ ਜਦ ਤਕ ਪ੍ਰੌਸੀਕਿਊਟਰ ਨੂੰ ਇਹ ਤਸੱਲੀ ਨਾ ਹੋਵੇ ਕਿ ਜਨ ਹਿੱਤ ਨੂੰ ਸ਼ਾਇਦ ਉਚਿਤ ਢੰਗ ਨਾਲ, ਪਹਿਲੀ ਸੂਰਤ ਵਿੱਚ, ਕੋਰਟ ਤੋਂ ਬਾਹਰ ਕਿਸੇ ਨਿਪਟਾਰੇ ਦੁਆਰਾ ਅਪਰਾਧੀ ਨੂੰ ਮਾਮਲੇ ਨੂੰ ਸੁਲਝਾਉਣ ਦੇ ਮੌਕੇ ਦੀ ਪੇਸ਼ਕਸ਼ ਕਰਕੇ, ਪੂਰਾ ਕੀਤਾ ਜਾ ਸਕਦਾ ਹੈ।

ਜਨ ਹਿੱਤ ਕਾਰਕ ਜੋ ਮੁਕੱਦਮਾ ਚਲਾਉਣ ਦੇ ਫ਼ੈਸਲੇ 'ਤੇ ਅਸਰ ਪਾ ਸਕਦੇ ਹਨ, ਹਰ ਕੇਸ ਮੁਤਾਬਕ ਵੱਖ-ਵੱਖ ਹੁੰਦੇ ਹਨ। ਅਪਰਾਧ ਜਾਂ ਅਪਰਾਧੀ ਦਾ ਅਪਰਾਧਕ ਵਤੀਰੇ ਦਾ ਰਿਕਾਰਡ ਜਿੰਨਾ ਗੰਭੀਰ ਹੋਵੇਗਾ, ਓਨੀ ਹੀ ਵੱਧ ਸੰਭਾਵਨਾ ਹੁੰਦੀ ਹੈ ਕਿ ਜਨ ਹਿੱਤ ਵਿੱਚ ਮੁਕੱਦਮਾ ਚਲਾਏ ਜਾਣ ਦੀ ਲੋੜ ਹੋਵੇਗੀ। ਦੂਜੇ ਪਾਸੇ, ਮੁਕੱਦਮਾ ਚਲਾਏ ਜਾਣ ਦੀ ਸੰਭਾਵਨਾ ਘੱਟ ਹੋਵੇਗੀ, ਜੇ ਮਿਸਾਲ ਲਈ, ਕੋਰਟ ਦੁਆਰਾ ਨਾਂਮਾਤਰ ਸਜ਼ਾ ਦੇਣ ਦੀ ਸੰਭਾਵਨਾ ਹੈ ਜਾਂ ਅਪਰਾਧ ਦੇ ਨਾਲ ਜੁੜੀ ਕਮੀ ਜਾਂ ਨੁਕਸਾਨ ਛੋਟਾ ਸੀ ਅਤੇ ਇੱਕੋ-ਇੱਕ ਘਟਨਾ ਦਾ ਨਤੀਜਾ ਸੀ।

## ਅਪਰਾਧ ਦੇ ਪੀੜਤ ਵਿਅਕਤੀ

ਇਹ ਫ਼ੈਸਲਾ ਕਰਦੇ ਸਮੇਂ ਕਿ ਕੀ ਜਨ ਹਿੱਤ ਵਿੱਚ ਕਿਸੇ ਮੁਕੱਦਮੇ ਦੀ ਲੋੜ ਹੈ, ਪ੍ਰੌਸੀਕਿਊਟਰਾਂ ਨੂੰ ਪੀੜਤ ਵਿਅਕਤੀ ਦੁਆਰਾ ਉਸ ਅਸਰ ਜੋ ਅਪਰਾਧ ਦਾ ਉਸ 'ਤੇ ਪਿਆ ਹੈ, ਬਾਰੇ ਪ੍ਰਗਟਾਏ ਗਏ ਕੋਈ ਵੀ ਵਿਚਾਰਾਂ ਨੂੰ ਧਿਆਨ ਹਿੱਤ ਰੱਖਣਾ ਚਾਹੀਦਾ ਹੈ। ਕੁਝ ਕੇਸਾਂ ਵਿੱਚ, ਮਿਸਾਲ ਲਈ, ਪ੍ਰੌਸੀਕਿਊਟਰਾਂ ਨੂੰ ਪੀੜਤ ਵਿਅਕਤੀ ਦੇ ਪਰਿਵਾਰ ਦੁਆਰਾ ਪ੍ਰਗਟਾਏ ਗਏ ਕੋਈ ਵੀ ਵਿਚਾਰਾਂ ਨੂੰ ਧਿਆਨ ਹਿੱਤ ਰੱਖਣਾ ਚਾਹੀਦਾ ਹੈ। ਪਰ ਪ੍ਰੌਸੀਕਿਊਸ਼ਨ ਸਰਵਿਸ ਪੀੜਤਾਂ ਜਾਂ ਉਹਨਾਂ ਦੇ ਪਰਿਵਾਰ ਦੇ ਲਈ ਉਸੇ ਢੰਗ ਨਾਲ ਕੰਮ ਨਹੀਂ ਕਰਦੀ ਜਿਵੇਂ ਸੋਲਿਸਿਟਰ ਆਪਣੇ ਕਲਾਇੰਟਾਂ (ਮੁਵੱਕਲਾਂ) ਲਈ ਕਰਦੇ ਹਨ, ਅਤੇ ਪ੍ਰੌਸੀਕਿਊਟਰਾਂ ਨੂੰ ਜਨ ਹਿੱਤ ਦਾ ਇੱਕ ਸਮੁੱਚਾ ਦ੍ਰਿਸ਼ਟੀਕੋਣ ਜ਼ਰੂਰ ਬਣਾਉਣਾ ਚਾਹੀਦਾ ਹੈ।

## ਦਿ ਥ੍ਰੈਸ਼ੋਲਡ ਟੈਸਟ (ਸ਼ੁਰੂਆਤ ਕਰਨ ਦੀ ਜਾਂਚ)

ਕੁਝ ਕੇਸ ਅਜਿਹੇ ਹੁੰਦੇ ਹਨ ਜਿਹਨਾਂ ਵਿੱਚ ਕਿਸੇ ਵਿਅਕਤੀ ਨੂੰ ਦੋਸ਼ ਲੱਗਣ ਮਗਰੋਂ ਜ਼ਮਾਨਤ 'ਤੇ ਰਿਹਾਅ ਕਰਨਾ ਉਚਿਤ ਨਹੀਂ ਹੋਵੇਗਾ, ਪਰ ਉੱਥੇ, ਜਿੱਥੇ ਇਹ ਸਥਾਪਤ ਕਰਨ ਦਾ ਪ੍ਰਮਾਣ ਕਿ ਕੀ 'ਦੋਸ਼ ਸਿੱਧੀ ਦੀ ਯਥਾਰਥਕ ਸੰਭਾਵਨਾ' ਹੈ, ਅਜੇ ਉਪਲਬਧ ਨਹੀਂ ਹੈ। ਮਿਸਾਲ ਲਈ, ਡਾਕਟਰੀ ਜਾਂ ਹੋਰ ਮਾਹਿਰ ਪ੍ਰਮਾਣ ਸ਼ਾਇਦ ਦੋਸ਼ ਲੱਗਣ ਤੋਂ ਪਹਿਲਾਂ ਉਪਲਬਧ ਸੀਮਤ ਸਮੇਂ ਵਿੱਚ ਪ੍ਰਾਪਤ ਨਾ ਕੀਤਾ ਜਾ ਸਕੇ। ਇਹਨਾਂ ਕੇਸਾਂ ਵਿੱਚ, ਪ੍ਰੌਸੀਕਿਊਟਰ ਥ੍ਰੈਸ਼ੋਲਡ ਟੈਸਟ ਲਾਗੂ ਕਰਦੇ ਹਨ। ਇਸ ਟੈਸਟ ਨੂੰ ਲਾਗੂ ਕਰਨ ਲਈ, ਇਹ ਮੰਨਣ ਲਈ ਵਾਜਬ ਅਧਾਰ ਹੋਣੇ ਜ਼ਰੂਰੀ ਹੁੰਦੇ ਹਨ: ਕਿ ਵਾਜਬ ਸਮਾਂ ਅਵਧੀ ਦੇ ਅੰਦਰ ਹੋਰ ਪ੍ਰਮਾਣ ਉਪਲਬਧ ਹੋ ਜਾਣਗੇ; ਇਹ ਕਿ ਕੇਸ ਦੀ ਗੰਭੀਰਤਾ ਜਾਂ ਹਾਲਾਤ ਫੌਰੀ ਦੋਸ਼ ਲਾਉਣ ਦੇ ਫ਼ੈਸਲੇ ਨੂੰ ਸਹੀ ਠਹਿਰਾਉਂਦੇ ਹਨ; ਅਤੇ ਇਹ ਕਿ ਜ਼ਮਾਨਤ ਦਾ ਇਤਰਾਜ਼ ਕਰਨ ਲਈ ਅਧਾਰ ਮੌਜੂਦ ਹਨ।

## ਦੋਸ਼ਾਂ ਦੀ ਚੋਣ

ਜਦੋਂ ਪ੍ਰੌਸੀਕਿਊਟਰ ਕਿਸੇ ਕੇਸ ਦੀ ਸਮੀਖਿਆ ਕਰ ਰਹੇ ਹੁੰਦੇ ਹਨ, ਤਾਂ ਉਹਨਾਂ ਨੂੰ ਹਮੇਸ਼ਾ ਇਸ ਗੱਲ 'ਤੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਡਿਫ਼ੈਂਡੈਂਟ ਦੇ ਖਿਲਾਫ਼ ਦੋਸ਼ ਸਹੀ ਹਨ। ਉਹਨਾਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੁੰਦਾ ਹੈ ਕਿ ਦੋਸ਼ ਅਪਰਾਧ ਕਰਨ ਦੀ ਗੰਭੀਰਤਾ ਅਤੇ ਹੱਦ ਨੂੰ ਦਰਸਾਉਂਦੇ ਹਨ ਅਤੇ ਕੋਰਟ ਨੂੰ ਸਜ਼ਾ ਦੇਣ ਦੀਆਂ ਉਚਿਤ ਸ਼ਕਤੀਆਂ ਦਿੰਦੇ ਹਨ। ਇਹ ਵੀ ਓਨਾ ਹੀ ਮਹੱਤਵਪੂਰਨ ਹੈ ਕਿ ਦੋਸ਼ਾਂ ਦੀ ਚੋਣ ਅਤੇ ਗਿਣਤੀ ਕੇਸ ਨੂੰ ਇੱਕ ਸਪਸ਼ਟ ਅਤੇ ਸਰਲ ਢੰਗ ਨਾਲ ਕੋਰਟ ਨੂੰ ਸਮਝਾਉਣ ਵਿੱਚ ਮਦਦ ਕਰਦੇ ਹਨ।

ਇਸ ਦਾ ਮਤਲਬ ਹੈ ਕਿ ਜੇ ਕੋਈ ਅਜਿਹਾ ਦੋਸ਼ ਹੈ ਜੋ ਅਪਰਾਧ ਦੇ ਹਾਲਾਤ ਮੁਤਾਬਕ ਬਿਹਤਰ ਢੁਕਦਾ ਹੈ ਤਾਂ ਹੋ ਸਕਦਾ ਹੈ ਕਿ ਸਮੇਂ-ਸਮੇਂ 'ਤੇ ਕੋਈ ਪ੍ਰੌਸੀਕਿਊਟਰ ਡਿਫ਼ੈਂਡੈਂਟ ਦੇ ਖਿਲਾਫ਼ ਦੋਸ਼ ਨੂੰ ਸ਼ਾਇਦ ਬਦਲ ਦੇਵੇ।

## ਕੋਰਟ ਤੋਂ ਬਾਹਰ ਨਿਪਟਾਰੇ

ਪ੍ਰੌਸੀਕਿਊਟਰ ਸ਼ਾਇਦ ਸ਼ਰਤਬੰਦ ਚੇਤਾਵਨੀ ਦੀ ਪੇਸ਼ਕਸ਼ ਕਰ ਸਕਦਾ ਹੈ ਜਿੱਥੇ ਇਹ ਅਪਰਾਧ ਕਰਨ ਦੀ ਗੰਭੀਰਤਾ ਅਤੇ ਨਤੀਜਿਆਂ ਦੇ ਅਨੁਰੂਪ ਪ੍ਰਤਿਕਿਰਿਆ ਹੋਵੇਗੀ। ਸ਼ਰਤਬੰਦ ਚੇਤਾਵਨੀ ਕੋਈ ਫੌਜਦਾਰੀ ਦੋਸ਼ ਸਿੱਧੀ ਨਹੀਂ ਹੁੰਦੀ ਪਰ ਇਹ ਅਪਰਾਧੀ ਦੇ ਅਪਰਾਧਕ ਰਿਕਾਰਡ ਦਾ ਹਿੱਸਾ ਬਣਦੀ ਹੈ ਅਤੇ ਬਾਅਦ ਵਿੱਚ ਹੋਣ ਵਾਲੀਆਂ ਕੋਈ ਵੀ ਕਾਰਵਾਈਆਂ ਵਿੱਚ ਕੋਰਟ ਵਿੱਚ ਇਸਦਾ ਜ਼ਿਕਰ ਕੀਤਾ ਜਾ ਸਕਦਾ ਹੈ। ਜੇ ਅਪਰਾਧੀ ਦੁਬਾਰਾ ਅਪਰਾਧ ਕਰਦਾ ਹੈ ਤਾਂ ਪ੍ਰੌਸੀਕਿਊਟਰਾਂ ਦੁਆਰਾ ਵੀ ਇਸਨੂੰ ਵਿਚਾਰ ਅਧੀਨ ਲਿਆਂਦਾ ਜਾ ਸਕਦਾ ਹੈ।

ਸਿਰਫ਼ ਪ੍ਰੌਸੀਕਿਊਟਰ ਹੀ ਇਹ ਫ਼ੈਸਲਾ ਕਰ ਸਕਦੇ ਹਨ ਕਿ ਕੀ ਕਿਸੇ ਅਪਰਾਧੀ ਨੂੰ ਕਿਸੇ ਅਜਿਹੇ ਅਪਰਾਧ ਲਈ ਸਰਲ ਚੇਤਾਵਨੀ ਦੀ ਪੇਸ਼ਕਸ਼ ਦਾ ਅਧਿਕਾਰ ਦਿੱਤਾ ਜਾਵੇ ਜਿਸਦੀ ਸੁਣਵਾਈ ਸ਼ਾਇਦ ਸਿਰਫ਼ ਕ੍ਰਾਊਨ ਕੋਰਟ ਵਿੱਚ ਹੀ ਕੀਤੀ ਜਾ ਸਕਦੀ ਹੈ। ਅਜਿਹੇ ਮੌਕੇ ਅਪਵਾਦਕ ਹੋਣਗੇ, ਜਦੋਂ ਇਹ ਢੁੱਕਵਾਂ ਨਿਪਟਾਰਾ ਹੋਵੇਗਾ।
ਦੂਜੇ ਸਾਰੇ ਕੇਸਾਂ ਵਿੱਚ, ਪ੍ਰੌਸੀਕਿਊਟਰ ਸ਼ਾਇਦ ਇਹ ਨਿਰਦੇਸ਼ ਦੇ ਸਕਦੇ ਹਨ ਕਿ ਸਰਲ ਚੇਤਾਵਨੀ ਦੀ ਪੇਸ਼ਕਸ਼ ਕੀਤੀ ਜਾਵੇ, ਜਾਂ ਮਿਸਾਲ ਲਈ, ਪੈਨਲਟੀ ਨੋਟਿਸ ਫ਼ਾਰ ਡਿਸਆਰਡਰ (Penalty Notice for Disorder) (ਗੜਬੜੀ ਲਈ ਹਰਜਾਨਾ ਨੋਟਿਸ) ਜਾਰੀ ਕਰਨ ਦਾ ਸੁਝਾਅ ਦੇ ਸਕਦੇ ਹਨ।

ਹਾਲਾਂਕਿ, ਪੈਨਲਟੀ ਨੋਟਿਸ ਫ਼ਾਰ ਡਿਸਆਰਡਰ ਜਾਰੀ ਕਰਨਾ ਪੁਲਿਸ ਦਾ ਫ਼ੈਸਲਾ ਹੁੰਦਾ ਹੈ।

ਸ਼ਰਤਬੰਦ ਚੇਤਾਵਨੀ, ਸਰਲ ਚੇਤਾਵਨੀ ਜਾਂ ਦੂਜੇ ਕੋਰਟ ਤੋਂ ਬਾਹਰ ਨਿਪਟਾਰੇ ਜਿਸਦੀ ਪਾਲਣਾ ਕੀਤੀ ਜਾਂਦੀ ਹੈ, ਦੀ ਸਵੀਕ੍ਰਿਤੀ ਮੁਕੱਦਮੇ ਦੀ ਥਾਂ ਲੈਂਦੀ ਹੈ। ਜੇ ਕੋਰਟ ਤੋਂ ਬਾਹਰ ਨਿਪਟਾਰੇ ਦੀ ਪੇਸ਼ਕਸ਼ ਠੁਕਰਾ ਦਿੱਤੀ ਜਾਂਦੀ ਹੈ ਤਾਂ ਅਸਲ ਅਪਰਾਧ ਲਈ ਮੁਕੱਦਮਾ ਜ਼ਰੂਰ ਚਲਾਇਆ ਜਾਣਾ ਚਾਹੀਦਾ ਹੈ। ਜੇ ਕੋਰਟ ਤੋਂ ਬਾਹਰ ਦੇ ਕਿਸੇ ਵੀ ਹੋਰ ਨਿਪਟਾਰੇ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਹੈ ਤਾਂ ਪ੍ਰੌਸੀਕਿਊਟਰ ਜਨ ਹਿੱਤ 'ਤੇ ਮੁੜ ਵਿਚਾਰ ਕਰਨਗੇ ਅਤੇ ਇਹ ਫ਼ੈਸਲਾ ਕਰਨਗੇ ਕਿ ਕੀ ਅਪਰਾਧੀ 'ਤੇ ਦੋਸ਼ ਲਗਾਇਆ ਜਾਵੇ ਜਾਂ ਨਹੀਂ। ਆਮ ਤੌਰ 'ਤੇ, ਅਸਲ ਅਪਰਾਧ ਲਈ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ।

## ਨੌਜਵਾਨ

ਫੌਜਦਾਰੀ ਕਨੂੰਨ ਦੇ ਉਦੇਸ਼ਾਂ ਲਈ, ਨੌਜਵਾਨ ਉਹ ਵਿਅਕਤੀ ਹੁੰਦਾ ਹੈ ਜਿਸਦੀ ਉਮਰ 18 ਸਾਲ ਤੋਂ ਘੱਟ ਹੁੰਦੀ ਹੈ।

ਪ੍ਰੌਸੀਕਿਊਟਰਾਂ ਨੂੰ ਨੌਜਵਾਨ ਨਿਆਂ ਪ੍ਰਣਾਲੀ ਦੇ ਪ੍ਰਮੁੱਖ ਟੀਚੇ ਪ੍ਰਤੀ ਆਦਰ ਜ਼ਰੂਰ ਹੋਣਾ ਚਾਹੀਦਾ ਹੈ, ਜੋ ਹੈ ਬੱਚਿਆਂ ਅਤੇ ਨੌਜਵਾਨਾਂ ਦੁਆਰਾ ਅਪਰਾਧ ਕੀਤੇ ਜਾਣ ਨੂੰ ਰੋਕਣਾ। ਪ੍ਰੌਸੀਕਿਊਟਰਾਂ ਨੂੰ ਇਹ ਫ਼ੈਸਲਾ ਕਰਦੇ ਸਮੇਂ ਕਿ ਕੀ ਮੁਕੱਦਮਾ ਚਲਾਉਣਾ ਜਨ ਹਿੱਤ ਵਿੱਚ ਹੈ, ਨੌਜਵਾਨਾਂ ਦੇ ਹਿੱਤਾਂ ਨੂੰ ਜ਼ਰੂਰ ਧਿਆਨ ਵਿੱਚ ਰਖਣਾ ਚਾਹੀਦਾ ਹੈ। ਹਾਲਾਂਕਿ, ਪ੍ਰੌਸੀਕਿਊਟਰਾਂ ਨੂੰ ਸਿਰਫ਼ ਸ਼ੱਕੀ ਵਿਅਕਤੀ ਦੀ ਉਮਰ ਦੇ ਕਾਰਨ ਮੁਕੱਦਮਾ ਚਲਾਉਣ ਦੇ ਫ਼ੈਸਲੇ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਅਪਰਾਧ ਦੀ ਗੰਭੀਰਤਾ ਜਾਂ ਨੌਜਵਾਨ ਦਾ ਪਿਛਲਾ ਵਤੀਰਾ ਬਹੁਤ ਅਹਿਮ ਹੁੰਦਾ ਹੈ।

ਨੌਜਵਾਨਾਂ ਦੀ ਸ਼ਮੂਲੀਅਤ ਵਾਲੇ ਕੇਸ ਆਮ ਤੌਰ 'ਤੇ ਪ੍ਰੌਸੀਕਿਊਸ਼ਨ ਸਰਵਿਸ ਕੋਲ ਮੁਕੱਦਮੇ ਲਈ ਸਿਰਫ਼ ਤਾਂ ਹੀ ਭੇਜੇ ਜਾਂਦੇ ਹਨ, ਜੇ ਨੌਜਵਾਨ ਨੂੰ ਪਹਿਲਾਂ ਹੀ ਝਾੜ ਅਤੇ ਅੰਤਮ ਚੇਤਾਵਨੀ ਮਿਲ ਚੁਕੀ ਹੈ, ਜਦ ਤਕ ਕਿ ਅਪਰਾਧ ਐਨਾ ਸੰਗੀਨ ਨਾ ਹੋਵੇ ਕਿ ਦੋਹਾਂ ਵਿੱਚੋਂ ਕੋਈ ਵੀ ਉਚਿਤ ਨਾ ਹੋਵੇ ਜਾਂ ਬੱਚਾ ਜਾਂ ਨੌਜਵਾਨ ਵਿਅਕਤੀ ਅਪਰਾਧ ਕੀਤੇ ਹੋਣ ਦਾ ਇਕਬਾਲ ਨਾ ਕਰਦਾ ਹੋਵੇ।

ਝਾੜਾਂ, ਅੰਤਮ ਚੇਤਾਵਨੀਆਂ ਅਤੇ ਸ਼ਰਤਬੰਦ ਚੇਤਾਵਨੀਆਂ ਦਾ ਮਕਸਦ ਦੁਬਾਰਾ ਅਪਰਾਧ ਕਰਨੋਂ ਰੋਕਣਾ ਹੁੰਦਾ ਹੈ ਅਤੇ ਇਹ ਤੱਥ ਕਿ ਅੱਗੇ ਹੋਰ ਅਪਰਾਧ ਹੋਇਆ ਹੈ, ਸ਼ਾਇਦ ਇਹ ਦਰਸਾਉਂਦਾ ਹੈ ਕਿ ਉਹ ਪਿਛਲੇ ਨਿਪਟਾਰੇ ਅਸਰਦਾਰ ਨਹੀਂ ਰਹੇ ਹਨ। ਜਨ ਹਿੱਤ ਲਈ ਆਮ ਤੌਰ 'ਤੇ ਅਜਿਹੇ ਕੇਸਾਂ ਵਿੱਚ ਮੁਕੱਦਮੇ ਦੀ ਲੋੜ ਹੋਵੇਗੀ।

## ਕਸੂਰਵਾਰ ਹੋਣ ਦੀਆਂ ਦਲੀਲਾਂ ਨੂੰ ਸਵੀਕਾਰ ਕਰਨਾ

ਕਈ ਵਾਰੀ, ਹੋ ਸਕਦਾ ਹੈ ਕਿ ਡਿਫ਼ੈਂਡੈਂਟ ਸਾਰੇ ਨਹੀਂ, ਪਰ ਕੁਝ ਕੁ ਦੋਸ਼ਾਂ ਲਈ ਜਾਂ, ਕਿਸੇ ਵੱਖਰੇ, ਸੰਭਵ ਤੌਰ 'ਤੇ ਘੱਟ ਸੰਗੀਨ ਅਪਰਾਧ ਲਈ ਕਸੂਰ ਮੰਨਣਾ ਚਾਹੇ। ਪ੍ਰੌਸੀਕਿਊਟਰਾਂ ਨੂੰ ਇਸ 'ਤੇ ਸਹਿਮਤੀ ਸਿਰਫ਼ ਤਾਂ ਹੀ ਦੇਣੀ ਚਾਹੀਦੀ ਹੈ ਜੇ ਉਹਨਾਂ ਨੂੰ ਲਗਦਾ ਹੈ ਕਿ ਕੋਰਟ ਅਜਿਹੀ ਸਜ਼ਾ ਸੁਣਾ ਸਕਦੀ ਹੈ ਜੋ ਅਪਰਾਧ ਕਰਨ ਦੀ ਗੰਭੀਰਤਾ ਨਾਲ ਮੇਲ ਖਾਂਦੀ ਹੋਵੇ। ਪ੍ਰੌਸੀਕਿਊਟਰ ਜੋ ਨਹੀਂ ਕਰ ਸਕਦੇ ਹਨ, ਉਹ ਹੈ ਜੱਜ ਜਾਂ ਮੈਜਿਸਟ੍ਰੇਟਾਂ ਨੂੰ ਕਿਸੇ ਖਾਸ ਕਿਸਮ ਦੀ ਸਜ਼ਾ ਸੁਣਾਉਣ ਲਈ ਕਹਿਣਾ।

ਇਹ ਫ਼ੈਸਲਾ ਕਰਦੇ ਸਮੇਂ ਕਿ ਕੀ ਪੇਸ਼ ਕੀਤੀਆਂ ਦਲੀਲਾਂ ਸਵੀਕਾਰ ਕਰਨ ਯੋਗ ਹਨ, ਪ੍ਰੌਸੀਕਿਊਟਰਾਂ ਨੂੰ ਇਹ ਫ਼ੈਸਲਾ ਕਰਦੇ ਸਮੇਂ ਕਿ ਕੀ ਦਲੀਲ ਨੂੰ ਸਵੀਕਾਰ ਕਰਨਾ ਜਨ ਹਿੱਤ ਵਿੱਚ ਹੈ, ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੀੜਤ ਵਿਅਕਤੀ ਦੇ ਹਿੱਤਾਂ, ਜਾਂ ਢੁੱਕਵੇਂ ਕੇਸਾਂ ਵਿੱਚ, ਪੀੜਤ ਵਿਅਕਤੀ ਦੇ ਪਰਿਵਾਰ ਦੇ ਵਿਚਾਰਾਂ ਨੂੰ ਧਿਆਨ ਹਿੱਤ ਰੱਖਿਆ ਜਾਂਦਾ ਹੈ। ਹਾਲਾਂਕਿ, ਫ਼ੈਸਲਾ ਪ੍ਰੌਸੀਕਿਊਟਰ ਨੇ ਕਰਨਾ ਹੁੰਦਾ ਹੈ।

## ਕੋਈ ਮੁਕੱਦਮਾ ਚਲਾਉਣ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰਨਾ

ਆਮ ਤੌਰ 'ਤੇ, ਜੇ ਪ੍ਰੌਸੀਕਿਊਸ਼ਨ ਸਰਵਿਸ ਕਿਸੇ ਸ਼ੱਕੀ ਵਿਅਕਤੀ ਜਾਂ ਡਿਫ਼ੈਂਡੈਂਟ ਨੂੰ ਇਹ ਦਸਦੀ ਹੈ ਕਿ ਕੋਈ ਮੁਕੱਦਮਾ ਨਹੀਂ ਹੋਵੇਗਾ, ਜਾਂ ਇਹ ਕਿ ਮੁਕੱਦਮਾ ਖਤਮ ਕਰ ਦਿੱਤਾ ਗਿਆ ਹੈ ਤਾਂ ਕੇਸ ਦੁਬਾਰਾ ਸ਼ੁਰੂ ਨਹੀਂ ਹੋਵੇਗਾ। ਪਰ ਕਦੇ-ਕਦਾਈਂ ਇਸਦੇ ਖਾਸ ਕਾਰਨ ਹੁੰਦੇ ਹਨ ਕਿ ਪ੍ਰੌਸੀਕਿਊਸ਼ਨ ਸਰਵਿਸ ਮੁਕੱਦਮਾ ਨਾ ਚਲਾਉਣ ਦੇ ਫ਼ੈਸਲੇ ਨੂੰ ਕਿਉਂ ਉਲਟਾਏਗੀ। ਇਹਨਾਂ ਕਾਰਨਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ ਕਿ ਜਿੱਥੇ ਅਸਲ ਫ਼ੈਸਲੇ 'ਤੇ ਇੱਕ ਨਵੀਂ ਝਾਤ ਇਹ ਦਿਖਾਉਂਦੀ ਹੈ ਕਿ ਇਹ ਗਲਤ ਸੀ ਅਤੇ,

ਅਪਰਾਧਕ ਨਿਆਂ ਪ੍ਰਣਾਲੀ ਵਿੱਚ ਇਤਬਾਰ ਬਣਾਈ ਰੱਖਣ ਲਈ ਮੁਕੱਦਮੇ ਦੀ ਲੋੜ ਹੈ; ਜਾਂ ਕਿਉਂਕਿ ਬਾਅਦ ਵਿੱਚ ਵਧੇਰੇ ਪ੍ਰਮਾਣ ਉਪਲਬਧ ਹੋ ਜਾਂਦਾ ਹੈ।

## ਵਿਕਟਿਮ ਸਪੋਰਟਲਾਈਨ

ਜੇ ਤੁਹਾਨੂੰ ਵਧੇਰੇ ਮਦਦ ਜਾਂ ਸਹਾਰੇ ਦੀ ਲੋੜ ਹੋਵੇ ਤਾਂ ਤੁਸੀਂ ਵਿਕਟਿਮ ਸਪੋਰਟਲਾਈਨ ਨੂੰ ਹੇਠਾਂ ਦਿੱਤੇ ਨੰਬਰ 'ਤੇ ਟੈਲੀਫ਼ੋਨ ਕਰ ਸਕਦੇ ਹੋ:

**0845 30 30 900**

ਇਹ ਵਿਕਟਿਮ ਸਪੋਰਟ (Victim Support) ਦੁਆਰਾ ਚਲਾਈ ਜਾਂਦੀ ਹੈ ਜੋ ਕਿ ਇੱਕ ਸੁਤੰਤਰ ਦਾਨੀ ਸੰਸਥਾ (ਚੈਰਿਟੀ) ਹੈ ਅਤੇ ਜਿਸਦਾ ਸਿਖਲਾਈ ਪ੍ਰਾਪਤ ਸਟਾਫ਼ ਅਤੇ ਵਾਲੰਟੀਅਰ (ਸ੍ਵੈ-ਇੱਛੁਕ ਸੇਵੀ) ਅਪਰਾਧ ਦੁਆਰਾ ਪ੍ਰਭਾਵਤ ਲੋਕਾਂ ਲਈ ਭਾਵਨਾਤਮਕ ਸਹਾਰਾ, ਜਾਣਕਾਰੀ ਅਤੇ ਅਮਲੀ ਮਦਦ ਮੁਹੱਈਆ ਕਰਦੇ ਹਨ।

ਵਿਕਟਿਮ ਸਪੋਰਟਲਾਈਨ ਇੱਕ ਸਥਾਨਕ ਨੰਬਰ ਹੈ ਅਤੇ ਕਿਸੇ ਵੀ ਅਜਿਹੇ ਵਿਅਕਤੀ ਲਈ ਇੱਕ ਲਾਜ਼ਮੀ ਸੰਪਰਕ ਬਿੰਦੂ ਹੈ ਜੋ ਅਪਰਾਧ ਦੇ ਪ੍ਰਭਾਵਾਂ ਤੋਂ ਪੀੜਤ ਹੋਇਆ ਹੈ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਕੀ ਅਪਰਾਧ ਦੀ ਸੂਚਨਾ ਦਿੱਤੀ ਗਈ ਸੀ ਜਾਂ ਨਹੀਂ।

ਸਟਾਫ਼ ਵਿਕਟਿਮ ਸਪੋਰਟ ਰਾਹੀਂ ਉਪਲਬਧ ਮੁਫ਼ਤ ਅਤੇ ਗੁਪਤ ਸੇਵਾਵਾਂ ਦਾ ਵਰਣਨ ਕਰ ਸਕਦਾ ਹੈ ਅਤੇ ਜੇ ਲੋੜ ਪਵੇ ਤਾਂ, ਉਹਨਾਂ ਦੀ ਸਥਾਨਕ ਵਿਕਟਿਮ ਸਪੋਰਟ ਸਕੀਮ (Victim Support Scheme) ਜਾਂ ਵਿਟਨੈਸ ਸਰਵਿਸ (Witness Service) ਜਾਂ ਦੂਜੀ ਸੰਸਥਾ ਨਾਲ ਸੰਪਰਕ ਕਰਵਾ ਸਕਦਾ ਹੈ।

## ਸ਼ਿਕਾਇਤਾਂ

ਸਾਡਾ ਮਕਸਦ ਸ਼ਿਕਾਇਤਾਂ ਨਾਲ ਸੰਵੇਦਨਸ਼ੀਲ ਢੰਗ ਨਾਲ, ਵਾਜਬ ਢੰਗ ਨਾਲ ਅਤੇ ਗੁਪਤ ਰੂਪ ਵਿੱਚ ਨਜਿੱਠਣਾ ਹੈ। ਸਾਡੀ ਸ਼ਿਕਾਇਤਾਂ ਦੀ ਪ੍ਰਕਿਰਿਆ ਦੇ ਵੇਰਵੇ CPS ਦੀ ਵੈਬਸਾਈਟ 'ਤੇ ਮਿਲ ਸਕਦੇ ਹਨ: www.cps.gov.uk

## ਲਾਹੇਵੰਦ ਸੰਪਰਕ

ਕ੍ਰਿਮਿਨਲ ਜਸਟਿਸ ਸਿਸਟਮ (ਅਪਰਾਧਕ ਨਿਆਂ ਪ੍ਰਣਾਲੀ) ਬਹੁਤ ਸਾਰੀਆਂ ਏਜੰਸੀਆਂ ਤੋਂ ਬਣਿਆ ਹੋਇਆ ਹੈ। ਜੇ ਤੁਸੀਂ ਕੋਈ ਹੋਰ ਅਗਲੇਰੀ ਜਾਣਕਾਰੀ ਲੱਭ ਰਹੇ ਹੋ ਤਾਂ ਹੇਠਾਂ ਦਿੱਤੀਆਂ ਏਜੰਸੀਆਂ ਲਾਹੇਵੰਦ ਹੋ ਸਕਦੀਆਂ ਹਨ।

**ਹੋਮ ਆਫ਼ਿਸ (Home Office)**
www.homeoffice.gov.uk
ਟੈਲੀਫ਼ੋਨ: 020 7035 4848
ਈਮੇਲ: public.enquiries@homeoffice.gsi.gov.uk

**ਮਿਨਿਸਟ੍ਰੀ ਆਫ਼ ਜਸਟਿਸ (Ministry of Justice)**
www.justice.gov.uk
ਟੈਲੀਫ਼ੋਨ: 020 3334 3555
ਈਮੇਲ: general.queries@justice.gsi.gov.uk

**ਕੋਰਟ ਸਰਵਿਸ (Court Service)**
www.hmcourts-service.gov.uk
ਟੈਲੀਫ਼ੋਨ: 0845 4568770

**ਕ੍ਰਿਮਿਨਲ ਜਸਟਿਸ ਸਰਵਿਸ (Criminal Justice Service)**
www.cjsonline.gov.uk
OCJRenquiry@cjs.gsi.gov.uk

**ਐਸੋਸੀਏਸ਼ਨ ਆਫ਼ ਚੀਫ਼ ਪੁਲਿਸ ਆਫ਼ਿਸਰਜ਼ (Association of Chief Police Officers)**
www.acpo.police.uk
ਟੈਲੀਫ਼ੋਨ: 020 7084 8950
ਈਮੇਲ: info@acpo.pnn.police.uk

**ਵਿਕਟਿਮ ਸਪੋਰਟ (Victim Support)**
www.victimsupport.org.uk
ਟੈਲੀਫ਼ੋਨ: 0845 30 30 900

**ਨੈਸ਼ਨਲ ਐਸੋਸੀਏਸ਼ਨ ਫ਼ਾਰ ਦਿ ਕੇਅਰ ਐਂਡ ਰੀਸੈਟਲਮੈਂਟ ਆਫ਼ ਓਫ਼ੈਂਡਰਜ਼ (National Association for the Care and Resettlement of Offenders)**
www.nacro.org.uk
ਟੈਲੀਫ਼ੋਨ: 020 7840 7200

**ਯੂਥ ਜਸਟਿਸ ਬੋਰਡ (Youth Justice Board)**
www.yjb.gov.uk
ਟੈਲੀਫ਼ੋਨ: 020 3372 8000
ਈਮੇਲ:: enquiries@yjb.gov.uk

**CPS ਐਨਕਵਾਇਰੀਜ਼**

CPS 'ਤੇ ਆਮ ਜਾਣਕਾਰੀ ਲਈ ਅਤੇ ਇਸ ਬਾਰੇ ਸਲਾਹ ਲੈਣ ਲਈ ਕਿ ਕਿਸ ਨੂੰ ਸੰਪਰਕ ਕੀਤਾ ਜਾਵੇ, ਕਿਰਪਾ ਕਰਕੇ CPS ਐਨਕਵਾਇਰੀਜ਼ ਨਾਲ ਸੰਪਰਕ ਕਰੋ
ਈਮੇਲ:: enquiries@cps.gsi.gov.uk

ਇਹ ਯੂਨਿਟ ਕਨੂੰਨੀ ਸਲਾਹ ਨਹੀਂ ਦੇ ਸਕਦਾ, ਪਰ ਹੋ ਸਕਦਾ ਹੈ ਕਿ ਇਹ ਤੁਹਾਨੂੰ ਅਮਲੀ ਜਾਣਕਾਰੀ ਪ੍ਰਦਾਨ ਕਰ ਸਕੇ। ਤੁਸੀਂ ਸਾਡੀ ਵੈਬਸਾਈਟ ਰਾਹੀਂ ਰਸਮੀ ਵਾਪਸੀ ਪ੍ਰਤਿਕਿਰਿਆ ਜਾਂ ਕਿਸੇ ਵੀ ਸ਼ਿਕਾਇਤ ਦੇ ਵੇਰਵੇ ਮੁਹੱਈਆ ਕਰ ਸਕਦੇ ਹੋ।

ਇਹ ਇੱਕ ਜਨਤਕ ਦਸਤਾਵੇਜ਼ ਹੈ।

ਇਸ ਦਸਤਾਵੇਜ਼ ਦੀਆਂ ਹੋਰ ਕਾਪੀਆਂ ਅਤੇ ਵਿਕਪਲਕ ਭਾਸ਼ਾਵਾਂ ਅਤੇ ਫਾਰਮੈਟਾਂ ਬਾਰੇ ਜਾਣਕਾਰੀ ਇਸ ਪਤੇ 'ਤੇ ਉਪਲਬਧ ਹੈ:

CPS Communication Division
Rose Court
Southwark Bridge
London SE1 9HS

ਈਮੇਲ: publicity.branch@cps.gsi.gov.uk

ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ ਬਾਰੇ ਜਾਣਕਾਰੀ ਲਈ, ਅਤੇ ਇਸ ਦਸਤਾਵੇਜ਼ ਦੀ ਇਲੈਕਟ੍ਰੌਨਿਕ ਕਾਪੀ ਵੇਖਣ ਜਾਂ ਡਾਊਨਲੋਡ ਕਰਨ ਲਈ, ਕਿਰਪਾ ਕਰਕੇ ਸਾਡੀ ਵੈਬਸਾਈਟ 'ਤੇ ਜਾਓ:
www.cps.gov.uk
CPS ਪਾਲਿਸੀ ਡਾਇਰੈਕਟੋਰੇਟ
© ਕ੍ਰਾਊਨ ਕਾਪੀਰਾਈਟ 2010